# NAPLAN – ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

2022

## ਵਿਦਿਆਰਥੀ NAPLAN ਕਿਉਂ ਕਰਦੇ ਹਨ?

NAPLAN ਇੱਕ ਰਾਸ਼ਟਰੀ ਸਾਖਰਤਾ ਅਤੇ ਸੰਖਿਆ ਗਿਆਨ ਦਾ ਇਮਤਿਹਾਨ ਹੈ ਜਿਸ ਵਿੱਚ 3, 5, 7 ਅਤੇ 9ਵੀਂ ਜਮਾਤ ਦੇ ਵਿਦਿਆਰਥੀ ਹਰ ਸਾਲ ਮਈ ਵਿੱਚ ਬੈਠਦੇ ਹਨ। ਇਹ ਇੱਕੋ-ਇੱਕ ਰਾਸ਼ਟਰੀ ਇਮਤਿਹਾਨ ਹੈ ਜੋ ਸਾਰੇ ਆਸਟ੍ਰੇਲੀਆਈ ਵਿਦਿਆਰਥੀ ਦਿੰਦੇ ਹਨ।

ਜਿਵੇਂ ਕਿ ਵਿਦਿਆਰਥੀ ਆਪਣੀਆਂ ਸਕੂਲੀ ਜਮਾਤਾਂ ਵਿੱਚ ਅੱਗੇ ਵਧਦੇ ਹਨ, ਇਹ ਜਾਂਚ ਕਰਨਾ ਮਹੱਤਵਪੂਰਨ ਹੁੰਦਾ ਹੈ ਕਿ ਉਹ ਪੜ੍ਹਨ, ਲਿਖਣ ਅਤੇ ਸੰਖਿਆ ਦੇ ਜ਼ਰੂਰੀ ਹੁਨਰਾਂ ਨੂੰ ਕਿੰਨੀ ਚੰਗੀ ਤਰ੍ਹਾਂ ਸਿੱਖ ਰਹੇ ਹਨ।

NAPLAN ਉਸ ਸਾਖਰਤਾ ਅਤੇ ਅੰਕ-ਗਿਆਨ ਦੇ ਹੁਨਰਾਂ ਦਾ ਮੁਲਾਂਕਣ ਕਰਦਾ ਹੈ ਜੋ ਵਿਦਿਆਰਥੀ ਸਕੂਲੀ ਪਾਠਕ੍ਰਮ ਰਾਹੀਂ ਸਿੱਖ ਰਹੇ ਹਨ ਅਤੇ ਮਾਪਿਆਂ/ਸੰਭਾਲਕਰਤਾਵਾਂ ਨੂੰ ਇਹ ਦੇਖਣ ਦੀ ਆਗਿਆ ਦਿੰਦਾ ਹੈ ਕਿ ਉਹਨਾਂ ਦਾ ਬੱਚਾ ਰਾਸ਼ਟਰੀ ਮਿਆਰਾਂ ਅਤੇ ਸਮੇਂ ਦੇ ਨਾਲ ਕਿਵੇਂ ਅੱਗੇ ਵੱਧ ਰਿਹਾ ਹੈ।

NAPLAN ਸਕੂਲ ਦੀ ਮੁਲਾਂਕਣ ਅਤੇ ਰਿਪੋਰਟਿੰਗ ਪ੍ਰਕਿਰਿਆ ਦਾ ਸਿਰਫ਼ ਇੱਕ ਪਹਿਲੂ ਹੈ। ਇਹ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਬਾਰੇ ਅਧਿਆਪਕਾਂ ਦੁਆਰਾ ਕੀਤੇ ਜਾ ਰਹੇ ਮੁਲਾਂਕਣਾਂ ਨੂੰ ਨਹੀਂ ਬਦਲਦਾ, ਪਰ ਇਹ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਤਰੱਕੀ ਬਾਰੇ ਵਾਧੂ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ।

NAPLAN ਇਸ ਬਾਰੇ ਸਕੂਲਾਂ, ਸਿੱਖਿਆ ਅਥਾਰਟੀਆਂ ਅਤੇ ਸਰਕਾਰਾਂ ਨੂੰ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ ਕਿ ਸਿੱਖਿਆ ਪ੍ਰੋਗਰਾਮ ਕਿਵੇਂ ਕੰਮ ਕਰ ਰਹੇ ਹਨ ਅਤੇ ਕੀ ਨੌਜਵਾਨ ਆਸਟ੍ਰੇਲੀਅਨ ਸਾਖਰਤਾ ਅਤੇ ਅੰਕ ਗਿਆਨ ਵਿੱਚ ਅਹਿਮ ਵਿਦਿਅਕ ਨਤੀਜੇ ਪ੍ਰਾਪਤ ਕਰ ਰਹੇ ਹਨ।

## ਤੁਹਾਡਾ ਬੱਚਾ NAPLAN ਟੈਸਟ ਨੂੰ ਔਨਲਾਈਨ ਕਰੇਗਾ

ਸਕੂਲ ਪੇਪਰ-ਆਧਾਰਿਤ ਤੋਂ ਕੰਪਿਊਟਰ-ਅਧਾਰਿਤ ਮੁਲਾਂਕਣ (ਇਮਤਿਹਾਨ) ਲੈਣ ਵਿੱਚ ਤਬਦੀਲ ਹੋ ਰਹੇ ਹਨ। ਜ਼ਿਆਦਾਤਰ ਸਕੂਲ 2022 ਵਿੱਚ NAPLAN ਟੈਸਟ ਔਨਲਾਈਨ ਪੂਰੇ ਕਰਨਗੇ। ਸਾਰੇ ਜਮਾਤ 3 ਦੇ ਵਿਦਿਆਰਥੀ ਕਾਗਜ਼ 'ਤੇ ਹੀ ਲਿਖਤੀ ਇਮਤਿਹਾਨ ਦੇਣ ਨੂੰ ਜਾਰੀ ਰੱਖਣਗੇ।

ਔਨਲਾਈਨ NAPLAN ਟੈਸਟ ਵਧੇਰੇ ਸਟੀਕ ਨਤੀਜੇ ਪ੍ਰਦਾਨ ਕਰਦੇ ਹਨ ਅਤੇ ਵਿਦਿਆਰਥੀਆਂ ਲਈ ਵਧੇਰੇ ਦਿਲਚਸਪ ਹੁੰਦੇ ਹਨ। ਮੁੱਖ ਲਾਭਾਂ ਵਿੱਚੋਂ ਇੱਕ ਹੈ ਢੁੱਕਵੀਂ (ਜਾਂ ਅਨੁਕੂਲਿਤ) ਟੈਸਟਿੰਗ, ਜਿੱਥੇ ਇਸ ਟੈਸਟ ਅਜਿਹੇ ਸਵਾਲ ਦਿੰਦਾ ਹੈ ਜੋ ਵਿਦਿਆਰਥੀ ਦੇ ਜਵਾਬਾਂ ਦੇ ਆਧਾਰ 'ਤੇ ਵੱਧ ਜਾਂ ਘੱਟ ਮੁਸ਼ਕਲ ਹੋ ਸਕਦੇ ਹਨ।

ਢਲਣਯੋਗ ਟੈਸਟਿੰਗ ਵਿਦਿਆਰਥੀ ਦੀਆਂ ਵੱਧ ਗਿਣਤੀ ਕਾਬਲੀਅਤਾਂ ਦਾ ਮੁਲਾਂਕਣ ਕਰਨ ਦੀ ਆਗਿਆ ਦਿੰਦੀ ਹੈ ਅਤੇ ਵਿਦਿਆਰਥੀ ਦੀ ਪ੍ਰਾਪਤੀ ਨੂੰ ਵਧੇਰੇ ਸਟੀਕਤਾ ਨਾਲ ਮਾਪਦੀ ਹੈ। ਕਿਸੇ ਵਿਦਿਆਰਥੀ ਦਾ ਸਮੁੱਚਾ NAPLAN ਨਤੀਜਾ ਉਹਨਾਂ ਪ੍ਰਸ਼ਨਾਂ ਦੀ ਸੰਖਿਆ ਅਤੇ ਗੁੰਝਲਤਾ ਦੋਵਾਂ 'ਤੇ ਅਧਾਰਿਤ ਹੁੰਦਾ ਹੈ ਜਿੰਨ੍ਹਾਂ ਦਾ ਉਹ ਸਹੀ ਉੱਤਰ ਦਿੰਦੇ ਹਨ। ਜੇਕਰ ਤੁਹਾਡੇ ਬੱਚੇ ਨੂੰ ਸਵਾਲ ਚੁਣੌਤੀਪੂਰਨ (ਔਖੇ) ਲੱਗਦੇ ਹਨ ਤਾਂ ਚਿੰਤਾ ਨਹੀਂ ਕਰਨੀ ਚਾਹੀਦੀ; ਹੋ ਸਕਦਾ ਹੈ ਕਿ ਉਹ ਵਧੇਰੇ ਗੁੰਝਲਦਾਰ ਟੈਸਟ ਮਾਰਗ ਲੈ ਰਹੇ ਹੋਣ।

## NAPLAN ਕੀ ਪਰਖ ਕਰਦਾ ਹੈ?

NAPLAN ਸਾਖਰਤਾ ਅਤੇ ਗਿਣਤੀ ਦੇ ਹੁਨਰ ਦਾ ਮੁਲਾਂਕਣ ਕਰਦਾ ਹੈ ਜੋ ਵਿਦਿਆਰਥੀ ਆਪਣੇ ਨਿਯਮਤ ਸਕੂਲ ਪਾਠਕ੍ਰਮ ਦੁਆਰਾ ਸਿੱਖ ਰਹੇ ਹਨ।

ਵਿਦਿਆਰਥੀ ਲਿਖਣ, ਪੜ੍ਹਨ, ਭਾਸ਼ਾਈ ਤਰੀਕੇ (ਸ਼ਬਦ-ਜੋੜ, ਵਿਆਕਰਨ ਅਤੇ ਵਿਰਾਮ ਚਿੰਨ੍ਹ) ਅਤੇ ਅੰਕ ਗਿਆਨ ਵਿੱਚ ਇਮਤਿਹਾਨ ਦੇਣ ਲਈ ਟੈਸਟਾਂ ਵਿੱਚ ਬੈਠਦੇ ਹਨ। ਸਵਾਲ ਆਸਟ੍ਰੇਲੀਆਈ ਪਾਠਕ੍ਰਮ ਨਾਲ ਜੁੜੇ ਵਿਸ਼ਿਆਂ ਦੀ ਸਮੱਗਰੀ ਮੁਲਾਂਕਣ ਕਰਦੇ ਹਨ: ਅੰਗਰੇਜ਼ੀ ਅਤੇ ਗਣਿਤ ਦੀ ।

ਸਾਰੀਆਂ ਸਰਕਾਰੀ ਅਤੇ ਗੈਰ-ਸਰਕਾਰੀ ਸਿੱਖਿਆ ਅਥਾਰਟੀਆਂ NAPLAN (ਨੈਪਲੈਨ) ਟੈਸਟ ਸਮੱਗਰੀ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ।

NAPLAN ਬਾਰੇ ਹੋਰ ਜਾਣਨ ਲਈ, nap.edu.au 'ਤੇ ਜਾਓ

## NAPLAN ਵਿੱਚ ਹਿੱਸਾ ਲੈਣਾ

NAPLAN ਹਰ ਕਿਸੇ ਲਈ ਹੈ। ACARA ਸ਼ਮੂਲੀਅਤ ਭਰੀ ਟੈਸਟਿੰਗ ਦਾ ਸਮਰਥਨ ਕਰਦਾ ਹੈ ਤਾਂ ਜੋ ਸਾਰੇ ਵਿਦਿਆਰਥੀ ਰਾਸ਼ਟਰੀ ਮੁਲਾਂਕਣ ਪ੍ਰੋਗਰਾਮ ਵਿੱਚ ਹਿੱਸਾ ਲੈ ਸਕਣ।

ਅਪੰਗਤਾ ਵਾਲੇ ਵਿਦਿਆਰਥੀਆਂ ਲਈ ਫੇਰ-ਬਦਲ ਉਪਲਬਧ ਹਨ ਜਿਨ੍ਹਾਂ ਦੀਆਂ ਵੱਖਰੀਆਂ ਕਾਰਜਸ਼ੀਲ ਯੋਗਤਾਵਾਂ ਅਤੇ ਲੋੜਾਂ ਹਨ।

ਸਕੂਲਾਂ ਨੂੰ ਮਾਂ-ਪਿਓ/ਦੇਖਭਾਲ ਕਰਨ ਵਾਲਿਆਂ ਅਤੇ ਵਿਦਿਆਰਥੀਆਂ ਦੇ ਨਾਲ ਮਿਲਕੇ ਕੰਮ ਕਰਨਾ ਚਾਹੀਦਾ ਹੈ, ਤਾਂ ਜੋ ਹਰੇਕ ਮਾਮਲੇ ਦੇ ਆਧਾਰ 'ਤੇ, NAPLAN ਤੱਕ ਪਹੁੰਚ ਕਰਨ ਲਈ ਅਪੰਗਤਾ ਵਾਲੇ ਵਿਦਿਆਰਥੀਆਂ ਲਈ ਲੋੜੀਂਦੇ ਢੁੱਕਵੇਂ ਫੇਰ-ਬਦਲ ਦੀ ਪਛਾਣ ਕੀਤੀ ਜਾ ਸਕੇ। ਇਹਨਾਂ ਫੇਰ-ਬਦਲਾਂ ਨੂੰ ਕਲਾਸਰੂਮ ਇਮਤਿਹਾਨਾਂ ਲਈ ਆਮ ਤੌਰ 'ਤੇ ਪ੍ਰਦਾਨ ਕੀਤੇ ਜਾਣ ਵਾਲੇ ਸਮਰਥਨਾਂ ਨੂੰ ਦਰਸਾਉਣਾ ਚਾਹੀਦਾ ਹੈ।

ਇਹਨਾਂ ਫੈਸਲਿਆਂ ਨੂੰ ਸੂਚਿਤ ਕਰਨ ਵਿੱਚ ਮੱਦਦ ਕਰਨ ਲਈ, ਤੁਸੀਂ NAPLAN ਜਨਤਕ ਪ੍ਰਦਰਸ਼ਨ ਸਾਈਟ, NAPLAN ਤੱਕ ਪਹੁੰਚ ਕਰਨ ਲਈ ਅਪਾਹਜ਼ਤਾ ਵਾਲੇ ਵਿਦਿਆਰਥੀਆਂ ਦੀ ਮੱਦਦ ਕਰਨ ਲਈ ਸਕੂਲਾਂ ਲਈ ਗਾਈਡ, ਜਾਂ ਸਾਡੀਆਂ ਵੀਡੀਓਜ਼ ਦੀ ਲੜੀ, ਜਿੱਥੇ ਮਾਪੇ/ਦੇਖਭਾਲ ਕਰਨ ਵਾਲੇ, ਅਧਿਆਪਕ ਅਤੇ ਵਿਦਿਆਰਥੀ NAPLAN ਐਡਜਸਟਮੈਂਟਾਂ (ਫੇਰ-ਬਦਲਾਂ) ਦੀ ਵਰਤੋਂ ਕਰਨ ਦੇ ਆਪਣੇ ਅਨੁਭਵ ਸਾਂਝੇ ਕਰਦੇ ਹਨ, ਨਾਲ ਸਲਾਹ ਕਰ ਸਕਦੇ ਹੋ।

ਅਸਧਾਰਨ ਸਥਿਤੀਆਂ ਵਿੱਚ, ਕੋਈ ਅਪਾਹਜਤਾ ਵਾਲਾ ਵਿਦਿਆਰਥੀ ਜੋ ਮੁਲਾਂਕਣ ਵਿੱਚ ਹਿੱਸਾ ਲੈਣ ਦੀ ਉਸਦੀ ਸਮਰੱਥਾ ਨੂੰ ਬੁਰੀ ਤਰ੍ਹਾਂ ਸੀਮਤ ਕਰਦੀ ਹੈ, ਜਾਂ ਕੋਈ ਵਿਦਿਆਰਥੀ ਜੋ ਹਾਲ ਹੀ ਵਿੱਚ ਆਸਟ੍ਰੇਲੀਆ ਆਇਆ ਹੈ ਅਤੇ ਗੈਰ-ਅੰਗਰੇਜ਼ੀ ਬੋਲਣ ਵਾਲਾ ਪਿਛੋਕੜ ਰੱਖਦਾ ਹੈ, ਨੂੰ ਰਸਮੀ ਛੋਟ ਦਿੱਤੀ ਜਾ ਸਕਦੀ ਹੈ।

ਤੁਹਾਡਾ ਸਕੂਲ ਪ੍ਰਿੰਸੀਪਲ ਅਤੇ ਤੁਹਾਡਾ ਸਥਾਨਕ ਟੈਸਟ ਪ੍ਰਸ਼ਾਸਨ ਅਥਾਰਟੀ ਤੁਹਾਨੂੰ ਅਪਾਹਜਤਾ ਵਾਲੇ ਵਿਦਿਆਰਥੀਆਂ ਲਈ ਫੇਰ-ਬਦਲ ਜਾਂ ਰਸਮੀ ਛੋਟ ਪ੍ਰਾਪਤ ਕਰਨ ਲਈ ਲੋੜੀਂਦੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਦੇ ਸਕਦਾ ਹੈ।

## ਜੇ ਮੇਰਾ ਬੱਚਾ NAPLAN ਦਿਨਾਂ 'ਤੇ ਸਕੂਲ ਤੋਂ ਗੈਰਹਾਜ਼ਰ ਹੈ ਤਾਂ ਕੀ ਹੋਵੇਗਾ?

ਜਿੱਥੇ ਸੰਭਵ ਹੋਵੇ, ਸਕੂਲ ਇਸ ਟੈਸਟਿੰਗ ਦੇ ਸਮੇਂ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਲਈ ਸਕੂਲ ਦੀ ਟੈਸਟ ਅਨੁਸੂਚੀ ਦੌਰਾਨ ਕਿਸੇ ਹੋਰ ਸਮੇਂ ਖੁੰਝੇ ਹੋਏ ਟੈਸਟਾਂ ਨੂੰ ਪੂਰਾ ਕਰਨ ਦਾ ਪ੍ਰਬੰਧ ਕਰ ਸਕਦੇ ਹਨ।

## ਮੈਂ ਆਪਣੇ ਬੱਚੇ ਦਾ ਸਮਰਥਨ ਕਰਨ ਲਈ ਕੀ ਕਰ ਸਕਦਾ/ਦੀ ਹਾਂ?

ਵਿਦਿਆਰਥੀਆਂ ਤੋਂ NAPLAN ਲਈ ਪੜ੍ਹਾਈ ਕਰਨ ਦੀ ਉਮੀਦ ਨਹੀਂ ਕੀਤੀ ਜਾਂਦੀ ਹੈ।

ਤੁਸੀਂ ਆਪਣੇ ਬੱਚੇ ਨੂੰ ਭਰੋਸਾ ਦਿਵਾ ਕੇ ਉਸਦੀ ਸਹਾਇਤਾ ਕਰ ਸਕਦੇ ਹੋ ਕਿ NAPLAN ਉਹਨਾਂ ਦੇ ਸਕੂਲ ਪ੍ਰੋਗਰਾਮ ਦਾ ਇੱਕ ਹਿੱਸਾ ਹੀ ਹੈ ਅਤੇ ਉਹਨਾਂ ਨੂੰ ਉਹਨਾਂ ਦੀ ਬੇਹਤਰੀਨ ਕੋਸ਼ਿਸ਼ ਕਰਨ ਦੀ ਯਾਦ ਦਿਵਾ ਸਕਦੇ ਹੋ।

ACARA, NAPLAN ਲਈ ਬਹੁਤ ਜ਼ਿਆਦਾ ਤਿਆਰੀ ਜਾਂ ਕੋਚਿੰਗ ਪ੍ਰਦਾਤਾਵਾਂ ਦੁਆਰਾ ਸੇਵਾਵਾਂ ਦੀ ਵਰਤੋਂ ਦੀ ਸਿਫ਼ਾਰਸ਼ ਨਹੀਂ ਕਰਦਾ ਹੈ।

NAPLAN ਦੀ ਕੁੱਝ ਜਾਣ-ਪਛਾਣ ਅਤੇ ਵਿਆਖਿਆ ਵਿਦਿਆਰਥੀਆਂ ਨੂੰ ਟੈਸਟਾਂ ਦੇ ਫਾਰਮੈਟ ਨੂੰ ਸਮਝਣ ਅਤੇ ਸਹਿਜ ਹੋਣ ਵਿੱਚ ਮੱਦਦ ਕਰਨ ਲਈ ਉਪਯੋਗੀ ਹੈ। ਅਧਿਆਪਕ ਇਹ ਯਕੀਨੀ ਬਣਾਉਣਗੇ ਕਿ ਵਿਦਿਆਰਥੀ ਇਹਨਾਂ ਪ੍ਰੀਖਿਆਵਾਂ ਵਿੱਚ ਆਉਣ ਵਾਲੇ ਪ੍ਰਸ਼ਨਾਂ ਦੀਆਂ ਕਿਸਮਾਂ ਤੋਂ ਜਾਣੂ ਹਨ ਅਤੇ ਉਚਿਤ ਸਹਾਇਤਾ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਗੇ।

nap.edu.au/online-assessment/public-demonstration-site 'ਤੇ ਔਨਲਾਈਨ NAPLAN ਇਮਤਿਹਾਨਾਂ ਵਿੱਚ ਉਪਲਬਧ ਸਵਾਲਾਂ ਅਤੇ ਟੂਲਾਂ ਦੀਆਂ ਕਿਸਮਾਂ ਦੇਖੋ।

## NAPLAN ਸਮਾਂ-ਸਾਰਣੀ

NAPLAN ਔਨਲਾਈਨ ਟੈਸਟ ਦੇਣ ਦੀ ਸਮਾਂ ਖਿੜਕੀ ਨੌਂ ਦਿਨਾਂ ਦੀ ਹੈ। ਇਹ ਉਹਨਾਂ ਸਕੂਲਾਂ ਨੂੰ ਟੈਸਟ ਦੇਣ ਦੇ ਯੋਗ ਬਣਾਉਣ ਲਈ ਹੈ ਜਿਹਨਾਂ ਕੋਲ ਘੱਟ ਯੰਤਰ ਹੋ ਸਕਦੇ ਹਨ।

NAPLAN ਔਨਲਾਈਨ ਟੈਸਟ ਦੀ ਸਮਾਂ ਖਿੜਕੀ ਮੰਗਲਵਾਰ 10 ਮਈ ਨੂੰ ਸ਼ੁਰੂ ਹੁੰਦੀ ਹੈ ਅਤੇ ਸ਼ੁੱਕਰਵਾਰ 20 ਮਈ 2022 ਨੂੰ ਸਮਾਪਤ ਹੁੰਦੀ ਹੈ। ਪਹਿਲੇ ਹਫ਼ਤੇ ਨੂੰ ਪਹਿਲ ਦਿੰਦੇ ਹੋਏ, ਟੈਸਟਿੰਗ ਵਿੰਡੋ ਦੇ ਅੰਦਰ ਜਿੰਨੀ ਜਲਦੀ ਸੰਭਵ ਹੋ ਸਕੇ ਟੈਸਟ ਸਮਾਂ-ਬੱਧ ਕੀਤੇ ਜਾਣੇ ਚਾਹੀਦੇ ਹਨ।

ਔਨਲਾਈਨ NAPLAN ਟੈਸਟ ਸਮਾਂ-ਸਾਰਣੀ ਦੀਆਂ ਸ਼ਰਤਾਂ ਦਾ ਵੇਰਵਾ ਹੇਠਾਂ ਦਿੱਤੀ ਸਾਰਣੀ ਵਿੱਚ ਦਿੱਤਾ ਗਿਆ ਹੈ।

## ਮੇਰੇ ਬੱਚੇ ਦੀ ਕਾਰਗੁਜ਼ਾਰੀ ਦੀ ਰਿਪੋਰਟ ਕਿਵੇਂ ਕੀਤੀ ਜਾਂਦੀ ਹੈ?

ਹਰੇਕ ਇਮਤਿਹਾਨ ਲਈ ਹਰੇਕ ਵਿਦਿਆਰਥੀ ਦੀ ਕਾਰਗੁਜ਼ਾਰੀ ਰਾਸ਼ਟਰੀ ਪ੍ਰਾਪਤੀ ਪੈਮਾਨੇ 'ਤੇ ਦਿਖਾਈ ਜਾਂਦੀ ਹੈ। ਘੱਟੋ-ਘੱਟ ਰਾਸ਼ਟਰੀ ਮਿਆਰ 'ਤੇ ਨਤੀਜਾ ਹੋਣਾ ਇਹ ਦਰਸਾਉਂਦਾ ਹੈ ਕਿ ਉਸ ਵਿਦਿਆਰਥੀ ਨੇ ਉਸ ਸਾਲ ਦੇ ਪੱਧਰ 'ਤੇ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਲੋੜੀਂਦੀ ਸਾਖਰਤਾ ਅਤੇ ਅੰਕਾਂ ਦੇ ਹੁਨਰ ਦਾ ਬੁਨਿਆਦੀ ਪ੍ਰਦਰਸ਼ਨ ਕੀਤਾ ਹੈ।

NAPLAN ਵਿਅਕਤੀਗਤ ਵਿਦਿਆਰਥੀ ਰਿਪੋਰਟ ਤੁਹਾਡੇ ਬੱਚੇ ਦੇ ਸਕੂਲ ਦੁਆਰਾ ਉਸ ਸਾਲ ਬਾਅਦ ਵਿੱਚ ਪ੍ਰਦਾਨ ਕੀਤੀ ਜਾਵੇਗੀ। ਜੇਕਰ ਤੁਹਾਨੂੰ ਕੋਈ ਰਿਪੋਰਟ ਨਹੀਂ ਮਿਲਦੀ, ਤਾਂ ਤੁਹਾਨੂੰ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

## NAPLAN ਨਤੀਜੇ ਕਿਵੇਂ ਵਰਤੇ ਜਾਂਦੇ ਹਨ?

- ਅਧਿਆਪਕਾਂ ਨਾਲ ਪ੍ਰਗਤੀ ਬਾਰੇ ਚਰਚਾ ਕਰਨ ਲਈ ਵਿਦਿਆਰਥੀ ਅਤੇ ਮਾਪੇ/ਸੰਭਾਲਕਰਤਾ ਵਿਅਕਤੀਗਤ ਨਤੀਜਿਆਂ ਦੀ ਵਰਤੋਂ ਕਰ ਸਕਦੇ ਹਨ।
- ਅਧਿਆਪਕ ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰਨ ਵਿੱਚ ਮਦਦ ਕਰਨ ਲਈ ਨਤੀਜਿਆਂ ਦੀ ਵਰਤੋਂ ਕਰਦੇ ਹਨ ਜਿਨ੍ਹਾਂ ਨੂੰ ਵਧੇਰੇ ਚੁਣੌਤੀਆਂ ਜਾਂ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ।
- ਸਕੂਲ ਇਹਨਾਂ ਨਤੀਜਿਆਂ ਦੀ ਵਰਤੋਂ ਅਧਿਆਪਨ ਪ੍ਰੋਗਰਾਮਾਂ ਵਿੱਚ ਸੁਧਾਰ ਕਰਨ ਅਤੇ ਸਾਖਰਤਾ ਅਤੇ ਸੰਖਿਆ ਵਿੱਚ ਟੀਚੇ ਨਿਰਧਾਰਤ ਕਰਨ ਲਈ ਸ਼ਕਤੀਆਂ ਅਤੇ ਲੋੜਾਂ ਦੇ ਖੇਤਰਾਂ ਦੀ ਪਛਾਣ ਕਰਨ ਲਈ ਕਰਦੇ ਹਨ।
- ਸਕੂਲ ਪ੍ਰਣਾਲੀਆਂ ਸਕੂਲਾਂ ਨੂੰ ਪੇਸ਼ ਕੀਤੇ ਪ੍ਰੋਗਰਾਮਾਂ ਅਤੇ ਸਹਾਇਤਾ ਦੀ ਸਮੀਖਿਆ ਕਰਨ ਲਈ ਨਤੀਜਿਆਂ ਦੀ ਵਰਤੋਂ ਕਰਦੀਆਂ ਹਨ।
- ਭਾਈਚਾਰਾ myschool.edu.au 'ਤੇ ਸਮੇਂ-ਸਮੇਂ 'ਤੇ ਸਕੂਲਾਂ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦੇਖ ਸਕਦਾ ਹੈ

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

NAPLAN ਬਾਰੇ ਹੋਰ ਜਾਣਕਾਰੀ ਲਈ:

- ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ
- nap.edu.au/TAA 'ਤੇ ਆਪਣੇ ਸਥਾਨਕ ਟੈਸਟ ਪ੍ਰਸ਼ਾਸਨ ਅਥਾਰਟੀ ਨਾਲ ਸੰਪਰਕ ਕਰੋ
- nap.edu.au 'ਤੇ ਜਾਓ

ਇਹ ਜਾਣਨ ਲਈ ਕਿ ACARA NAPLAN ਲਈ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦਾ ਹੈ, nap.edu.au/naplan/privacy 'ਤੇ ਜਾਓ

| ਟੈਸਟ | ਸਮਾਂ-ਬੱਧ ਕਰਨ ਦੀਆਂ ਸ਼ਰਤਾਂ | ਮਿਆਦ | ਟੈਸਟ ਦਾ ਵੇਰਵਾ |
|---|---|---|---|
| ਲਿਖ਼ਤੀ | • ਜਮਾਤ 3 ਦੇ ਵਿਦਿਆਰਥੀ (ਸਿਰਫ਼ ਦਿਨ 1 'ਤੇ ਹੀ) ਪੇਪਰ 'ਤੇ ਲਿਖਣ ਵਾਲੀ ਪ੍ਰੀਖਿਆ ਦਿੰਦੇ ਹਨ<br>• ਜਮਾਤ 5 ਦੀ ਲਿਖਣ ਵਾਲੀ ਪ੍ਰੀਖਿਆ ਦਿਨ 1 ਤੋਂ ਸ਼ੁਰੂ ਹੋਣੀ ਚਾਹੀਦੀ ਹੈ (ਸਕੂਲਾਂ ਨੂੰ ਕੇਵਲ ਦਿਨ 1 ਅਤੇ 2 ਨੂੰ ਲਿਖਤੀ ਪ੍ਰੀਖਿਆ ਨੂੰ ਪੂਰਾ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ)<br>• ਜਮਾਤ 7 ਅਤੇ 9 ਦੀ ਲਿਖਣ ਵਾਲੀ ਪ੍ਰੀਖਿਆ ਦਿਨ 2 ਤੋਂ ਸ਼ੁਰੂ ਹੋਣੀ ਚਾਹੀਦੀ ਹੈ (ਸਕੂਲਾਂ ਨੂੰ ਕੇਵਲ ਦਿਨ 2 ਅਤੇ 3 ਵਿੱਚ ਲਿਖਤੀ ਪ੍ਰੀਖਿਆ ਨੂੰ ਪੂਰਾ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ) | ਸਾਲ 3: 40 ਮਿੰਟ<br>ਸਾਲ 5: 42 ਮਿੰਟ<br>ਸਾਲ 7: 42 ਮਿੰਟ<br>ਸਾਲ 9: 42 ਮਿੰਟ | ਵਿਦਿਆਰਥੀਆਂ ਨੂੰ 'ਲਿਖਣ ਲਈ ਪ੍ਰੇਰਕ' (ਜਿਸਨੂੰ ਕਈ ਵਾਰ 'ਪ੍ਰੋਂਪਟ' ਕਿਹਾ ਜਾਂਦਾ ਹੈ - ਕੋਈ ਵਿਚਾਰ ਜਾਂ ਵਿਸ਼ਾ ਹੁੰਦਾ ਹੈ) ਦਿੱਤਾ ਜਾਂਦਾ ਹੈ ਅਤੇ ਕਿਸੇ ਖਾਸ ਸ਼ੈਲੀ (ਬਿਰਤਾਂਤ ਜਾਂ ਪ੍ਰੇਰਨਾਤਮਕ ਲਿਖਤ) ਵਿੱਚ ਜਵਾਬ ਲਿਖਣ ਲਈ ਕਿਹਾ ਜਾਂਦਾ ਹੈ |
| ਪੜ੍ਹਨਾ | • ਇਹ ਯਕੀਨੀ ਬਣਾਉਣ ਲਈ ਕਿ ਔਨਲਾਈਨ ਸਕੂਲ ਨੌਂ ਦਿਨਾਂ ਦੀ ਟੈਸਟਿੰਗ ਵਿੰਡੋ ਦੇ ਅੰਦਰ NAPLAN ਟੈਸਟਾਂ ਨੂੰ ਪੂਰਾ ਕਰਨ ਦੇ ਯੋਗ ਹਨ, ਜਮਾਤ 7 ਅਤੇ 9 ਦੇ ਵਿਦਿਆਰਥੀ ਦਿਨ 1 ਤੋਂ ਪੜ੍ਹਨ ਵਾਲੀ ਪ੍ਰੀਖਿਆ ਸ਼ੁਰੂ ਕਰ ਸਕਦੇ ਹਨ; ਹਾਲਾਂਕਿ, ਲਿਖਤੀ ਪ੍ਰੀਖਿਆਂ ਨੂੰ ਦਿਨ 2 ਤੋਂ ਸ਼ੁਰੂ ਹੋਣਾ ਚਾਹੀਦਾ ਹੈ<br>• 'ਭਾਸ਼ਾਈ ਤਰੀਕਿਆਂ' ਦੀ ਪ੍ਰੀਖਿਆ ਤੋਂ **ਪਹਿਲਾਂ** ਪੂਰਾ ਕੀਤਾ ਜਾਵੇ | ਸਾਲ 3: 45 ਮਿੰਟ<br>ਸਾਲ 5: 50 ਮਿੰਟ<br>ਸਾਲ 7: 65 ਮਿੰਟ<br>ਸਾਲ 9: 65 ਮਿੰਟ | ਵਿਦਿਆਰਥੀ ਜਾਣਕਾਰੀ ਭਰਪੂਰ, ਕਲਪਨਾਤਮਕ ਅਤੇ ਪ੍ਰੇਰਕ ਪੈਰਿਆਂ ਦੀ ਇੱਕ ਲੜੀ ਪੜ੍ਹਦੇ ਹਨ ਅਤੇ ਫਿਰ ਸੰਬੰਧਿਤ ਸਵਾਲਾਂ ਦੇ ਜਵਾਬ ਦਿੰਦੇ ਹਨ |
| ਭਾਸ਼ਾਈ ਤਰੀਕੇ | • ਰੀਡਿੰਗ ਟੈਸਟ ਤੋਂ **ਬਾਅਦ** ਪੂਰਾ ਕੀਤਾ ਜਾਣਾ ਹੈ | ਸਾਲ 3: 45 ਮਿੰਟ<br>ਸਾਲ 5: 45 ਮਿੰਟ<br>ਸਾਲ 7: 45 ਮਿੰਟ<br>ਸਾਲ 9: 45 ਮਿੰਟ | ਸ਼ਬਦ-ਜੋੜ, ਵਿਆਕਰਣ ਅਤੇ ਵਿਰਾਮ ਚਿੰਨ੍ਹ ਦਾ ਮੁਲਾਂਕਣ ਕਰਦਾ ਹੈ |
| ਸੰਖਿਆ ਗਿਆਨ | • ਭਾਸ਼ਾਈ ਤਰੀਕਿਆਂ ਟੈਸਟ ਤੋਂ **ਬਾਅਦ** ਪੂਰਾ ਕੀਤਾ ਜਾਣਾ ਚਾਹੀਦਾ ਹੈ | ਸਾਲ 3: 45 ਮਿੰਟ<br>ਸਾਲ 5: 50 ਮਿੰਟ<br>ਸਾਲ 7: 65 ਮਿੰਟ<br>ਸਾਲ 9: 65 ਮਿੰਟ | ਸੰਖਿਆ ਅਤੇ ਬੀਜ-ਗਣਿਤ, ਮਾਪ ਅਤੇ ਜਿਓਮੈਟਰੀ, ਅਤੇ ਅੰਕੜੇ ਅਤੇ ਸੰਭਾਵਨਾ ਸੰਬੰਧੀ ਸਵਾਲਾਂ ਦਾ ਮੁਲਾਂਕਣ ਕਰਦਾ ਹੈ |